19

ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨਾ

ਕਿਸੇ ਵੀ ਸੰਗਠਨ ਵਿਚ 90 ਫ਼ੀਸਦੀ ਕੰਮ 10 ਫ਼ੀਸਦੀ ਮੈਂਬਰ ਹੀ ਕਰਦੇ ਹਨ। ਇਹ ਗੱਲ ਰੋਟਰੀ ਕਲੱਬ ਜਾਂ ਕਿਸੇ ਹੋਰ ਸੰਸਥਾ ਲਈ ਤਾਂ ਖਿਝ ਦਵਾਉਣ ਵਾਲੀ ਅਤੇ ਪਰੇਸ਼ਾਨ ਕਰਨ ਵਾਲੀ ਲਗ ਸਕਦੀ ਹੈ, ਪਰ ਪ੍ਰਭੂ ਦੀ ਕਲੀਸੀਆ ਲਈ ਇਹ ਰੂਹਾਨੀ ਬਰਬਾਦੀ ਦਾ ਸੰਕੇਤ ਹੋ ਸਕਦਾ ਹੈ। ਕਿਸੇ ਵੀ ਮੰਡਲੀ ਦੀ ਕਾਮਯਾਬੀ ਲਈ ਹਿੱਸੇਦਾਰੀ ਹੋਣੀ ਜ਼ਰੂਰੀ ਹੈ, ਪਰ ਕੁਝ ਵੀ ਹਾਸਿਲ ਕਰਨਾ ਮੁਸ਼ਕਿਲ ਨਹੀਂ ਹੈ। ਇਹ ਕਲੀਸੀਆ ਦੇ ਆਗੂਆਂ ਲਈ ਇਕ ਬੇਹੱਦ ਮੁਸ਼ਕਿਲ ਚੁਣੌਤੀ ਦਿੰਦਾ ਹੈ।

ਹਿੱਸੇਦਾਰੀ: ਕਿਉ?

ਕਲੀਸੀਆ ਦੇ ਕੰਮ ਵਿਚ ਹਿੱਸੇਦਾਰੀ ਜ਼ਰੂਰੀ ਕਿਉਂ ਹੈ?

ਖੁਸ਼ੀ ਦਾ ਰਹੱਸ

ਪਹਿਲੀ ਗੱਲ ਤਾਂ ਇਹ ਹੈ ਕਿ ਹਿੱਸੇਦਾਰੀ ਮਸੀਹੀ ਖੁਸ਼ੀ ਦਾ ਰਹੱਸ ਹੈ। ਕਿਸੇ ਸਥਾਨਕ ਮੰਡਲੀ ਵਿਚ ਲੱਗੇ ਲੋਕ ਆਪਣੀ ਦਿਲਚਸਪੀ ਮੁਤਾਬਕ ਪ੍ਰਭੂ ਦੀ ਸੇਵਾ ਕਰਨ ਵਾਲੇ ਲੋਕ ਉਸ ਮੰਡਲੀ ਦੇ ਦੂਜੇ ਮੈਂਬਰਾਂ ਦੇ ਮੁਕਾਬਲੇ ਆਪਣੇ ਵਿਸ਼ਵਾਸ ਵਿਚ ਕਿਤੇ ਵੱਧ ਖੁਸ਼ ਭਾਵ ਸੰਤੁਸ਼ਟ ਹਨ। ਕਲੀਸੀਆ ਵਿਚ, ''ਵਿਹਲੇ ਹੱਥ ਸ਼ੈਤਾਨ ਦੇ ਕਰਿੰਦੇ'' ਵਾਲੀ ਕਹਾਵਤ ਸਾਬਿਤ ਹੁੰਦੇ ਹਨ।

ਕਲੀਸੀਆ ਦੇ ਵਾਧੇ ਦੀ ਕੁੰਜੀ

ਦੂਜੀ ਗੱਲ ਹਿੱਸੇਦਾਰੀ ਕਲੀਸੀਆ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਕਿਸੇ ਵੀ ਸੰਗਠਨ ਦੀ ਕਾਮਯਾਬੀ ਨਿੱਜੀ ਲੋਕਾਂ ਦੀ ਸਰਗਰਮ ਹਿੱਸੇਦਾਰੀ ਨਾਲ ਹੀ ਮਿਲਦੀ ਹੈ। ਨਹਮਯਾਹ ਦੀ ਅਗਵਾਈ ਵਿਚ ਯਰੂਸ਼ਲਮ ਦੀ ਸ਼ਹਿਰਪਨਾਹ ਫੇਰ ਤੋਂ ਬਣਾਈ ਗਈ ਸੀ ਕਿਉਂਕਿ ''ਲੋਕ ਦਿਲ ਨਾਲ ਕੰਮ ਕਰਦੇ ਸਨ'' (ਨਹਮਯਾਹ 4:6)। ਖ਼ੁਦਾ ਦੀ ਮਦਦ ਨਾਲ ਇਸਰਾਏਲੀ ਸਿਪਾਹੀਆਂ ਦੀ ਇਕ ਛੋਟੀ ਜਿਹੀ ਟੁਕੜੀ ਨੇ ਗਿਦਊਨ ਦੀ ਅਗਵਾਈ ਵਿਚ ਮਿਦਯਾਨੀਆਂ ਦੀ ਵੱਡੀ ਫ਼ੌਜ ਨੂੰ ਭਜਾ ਦਿੱਤਾ ਸੀ ਕਿਉਂਕਿ ''ਉਹ ... ਆਪੋ ਆਪਣੇ ਥਾਂ ਖਲੋਤੇ ਰਹੇ'' (ਨਿਆਈਆਂ 7:21)। ਕਲੀਸੀਆ ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ ਭਾਵ ਲੋਕ ਜਿੰਨੇ ਸਰਗਰਮ ਹੋਣਗੇ ਕਲੀਸੀਆ ਓਨੀ ਹੀ ਵਧੇਗੀ।

''ਚਰਚ ਗ੍ਰੋਥ'' ਲਹਿਰ ਜੋ ਕਲੀਸੀਆ ਦੇ ਵਾਧੇ ਦਾ ਬੜੇ ਧਿਆਨ ਨਾਲ ਅਧਿਐਨ ਕਰਨ ਦਾ ਇਕ ਉਪਰਾਲਾ ਹੈ, ਦਾ ਲੇਖਕ ਡੌਨਲਡ ਮੈਕਗੇਵਰਨ ਇਕ ਨਿਚੋੜ ਤੇ ਪਹੁੰਚਿਆ ਕਿ ਮਿਸ਼ਨ ਖੇਤਰਾਂ ਵਿਚ ਇੰਜੀਲ ਦੇ ਪ੍ਰਚਾਰ ਲਈ ਨਿੱਜੀ ਲੋਕਾਂ ਦੀ ਹਿੱਸੇਦਾਰੀ ਕਲੀਸੀਆ ਲਈ ਜ਼ਰੂਰੀ ਹੈ। ਮੈਕਗੇਵਰਨ ਦਾ ਨਿਚੋੜ ਜੋ ਕਈ ਹਾਲਾਤ ਵਿਚ ਕਲੀਸੀਆ ਦੇ ਵਾਧੇ ਦੇ ਅਧਿਐਨ ਨਾਲ ਸੀ, ਨਵੇਂ ਨੇਮ ਦੀਆਂ ਸਿੱਖਿਆਵਾਂ ਤੇ ਫੇਰ ਜ਼ੋਰ ਦਿੰਦਾ ਹੈ। ਪਹਿਲੀ ਕਲੀਸੀਆ ਐਨੀ ਛੇਤੀ ਨਾਲ ਕਿਵੇਂ ਵਧ ਰਹੀ ਹੈ? ਇਸ ਦੇ ਵੱਡੇ ਵੱਡੇ ਪ੍ਰਚਾਰਕਾਂ ਕਰਕੇ? ਇਸ ਦੇ ਵੱਡੇ-ਵੱਡੇ ਮਿਸ਼ਨਰੀਆਂ ਕਰਕੇ? ਇਸ ਦੀ ਦਾਰਸ਼ਨਿਕ ਲੀਡਰਸ਼ਿਪ ਕਰਕੇ? ਕੁਝ ਹੱਦ ਤਕ। ਪਰ ਮੁੱਖ ਤੇ ਇਹ ਇਸ ਲਈ ਵਧੀ ਕਿਉਂਕਿ ਮਸੀਹੀ ਲੋਕ ਜਿੱਥੇ ਵੀ ਜਾਂਦੇ, ਉੱਥੇ ਹੀ ਵਚਨ ਸੁਨਾਉਣ ਲਗ ਪੈਂਦੇ ਸਨ (ਰਸੂਲਾਂ ਦੇ ਕੰਮ 8:4)। ਸਿਕੰਦਰੀਆ, ਅੰਤਾਕੀਆ ਅਤੇ ਰੋਮ ਦੀਆਂ ਵੱਡੀਆਂ ਵੱਡੀਆਂ ਕਲੀਸੀਆਵਾਂ ਕਿਸੇ ਰਸੂਲਾਂ ਦੇ ਪ੍ਰਚਾਰ ਨਾਲ ਨਹੀਂ ਸਗੋਂ ਵਿਸ਼ਵਾਸ ਦੇ ਉਨ੍ਹਾਂ ਮਸ਼ਹੂਰ ਆਗੂਆਂ ਦੀਆਂ ਕੋਸ਼ਿਸ਼ਾਂ ਨਾਲ ਬਣੀਆਂ ਜਿਨ੍ਹਾਂ ਨੇ ਉੱਥੇ ਜਾ ਕੇ ਰੋਜ਼ੀ ਕਮਾਉਣ ਲਈ ਕੰਮ ਕਰਦਿਆਂ ਆਪਣੇ ਗੁਆਂਢੀਆਂ ਨੂੰ ਮਸੀਹ ਬਾਰੇ ਦੱਸਿਆ ਸੀ। ਇਸੇ ਤਰ੍ਹਾਂ ਅੱਜ ਇਕ ਨੇਮ ਦੇ ਰੂਪ ਵਿਚ ਜਗਤ ਵਿਚ ਪ੍ਰਭੂ ਦੀ ਕਲੀਸੀਆ ਦੀਆਂ ਸੇਵਕਾਈਆਂ ਵਿਚ ਭਾਗ ਲੈਣ ਵਾਲੇ ਮੈਂਬਰਾਂ ਕਰਕੇ ਹੀ ਵਧਦੀ ਹੈ।

ਸ਼ਾਇਦ ਭਾਈ ਫ਼ਲੇਵਿਲ ਯੀਕਲੇ ਦੀ ਉਹ ਖੋਜ ਬਹੁਤ ਮਹੱਤਵਪੂਰਨ ਹੈ[1]: ਕਿਸੇ ਮੰਡਲੀ ਦਾ ਵਾਧਾ ਇਸ ਦੇ ਮੈਂਬਰਾਂ ਦੀਆਂ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਵਿਚ ਹਿੱਸੇਦਾਰੀ ਨਾਲ ਨਹੀਂ ਬਲਕਿ ਜਿੰਨਾ ਕਲੀਸੀਆ ਦੇ ਲੋਕ ਯੋਗਦਾਨ ਦੇਣਗੇ ਕਲੀਸੀਆ ਓਨੀ ਹੀ ਵਧੇਗੀ।

ਅਗਵਾਈ ਕਰਨ ਦਾ ਮਕਸੱਦ

ਤੀਜਾ, ਆਗੂਆਂ ਦਾ ਮੁੱਖ ਮਕਸਦ ਹਰ ਮੈਂਬਰ ਦੀ ਹਿੱਸੇਦਾਰੀ ਹੋਣਾ ਹੈ। ਕਲੀਸੀਆ ਦੇ ਆਗੂਆਂ ਦਾ ਮਕਸੱਦ ਸਿਰਫ਼ ਆਪਣੇ ਆਪ ਜਾਂ ਮੁੱਖ ਤੌਰ ਤੇ ਆਪ ਕੰਮ ਕਰਨਾ ਨਹੀਂ ਹੈ। ਸਗੋਂ ਇਹ ਤਾਂ ਖ਼ੁਦਾ ਵੱਲੋਂ ਸਭ ਮੈਂਬਰਾਂ ਨੂੰ ਦਿੱਤੇ ਗਏ ਤੋਹਫ਼ਿਆਂ ਜਾਂ ਖ਼ੂਬੀਆਂ ਨਾਲ ਕਲੀਸੀਆ ਨੂੰ ਸੇਵਾ ਕਰਨ ਦੇ ਯੋਗ ਬਣਾਉਣ ਲਈ ਹੈ।

ਸ਼ਮੂਲੀਅਤ: ਕਿਵੇਂ?

ਜੋ ਕੁਝ ਕਿਹਾ ਗਿਆ ਹੈ ਉਸ ਨਾਲ ਕੋਈ ਵੀ ਰਜ਼ਾਮੰਦ ਨਹੀਂ ਹੋਵੇਗਾ। ਅਸੀਂ ਸਭ ਜਾਣਦੇ ਹਾਂ ਕਿ ਹਿੱਸੇਦਾਰੀ ਇਕ ਚੰਗੀ ਮੈਂਬਰਸ਼ਿਪ ਅਤੇ ਕਲੀਸੀਆ ਦੀ ਤਰੱਕੀ ਦੀ ਕੁੰਜੀ ਹੈ, ਅਤੇ ਕਲੀਸੀਆ ਦੇ ਆਗੂਆਂ ਦਾ ਕੰਮ ਮੈਂਬਰਾਂ ਨੂੰ ਹਿੱਸੇਦਾਰੀ ਦੇਣ ਲਈ ਉਤਸ਼ਾਹਿਤ ਕਰਨਾ ਹੈ।

ਦਿੱਕਤ ਇਹ ਆਉਂਦੀ ਹੈ ਕਿ ਕਲੀਸੀਆ ਦੇ ਕੰਮ ਵਿਚ ਮੈਂਬਰਾਂ ਨੂੰ ਨਾਲ ਲੈਣਾ ਔਖਾ ਹੁੰਦਾ ਹੈ। ਕਲੀਸੀਆ ਦੇ ਆਗੂ ਕਈ ਵਾਰ ਕੋਸ਼ਿਸ਼ ਤਾਂ ਕਰਦੇ ਹਨ ਪਰ ਕਾਮਯਾਬ ਨਹੀਂ ਹੁੰਦੇ। ਹਿੱਸੇਦਾਰੀ ਲਈ ਇਕੱਠੇ ਕਰਨ ਦੀਆਂ ਉਨ੍ਹਾਂ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਬਹੁਤ ਸਾਰੇ ਮੈਂਬਰ ਹੁਣ ਵੀ ਦਰਸ਼ਕ ਬਣੇ ਦੂਜਿਆਂ ਨੂੰ ਕੰਮ ਕਰਦੇ ਹੋਏ ਵੇਖਣ ਵਾਲੇ ਰਹਿੰਦੇ ਹਨ। ਇਸ ਲਈ ''ਕਿਵੇਂ?'' ਦਾ ਸਵਾਲ ਬਹੁਤ ਬਹੁਤ ਅਹਿਮ ਹੈ।

ਮੈਂਬਰਾਂ ਦੀ ਸ਼ਮੂਲੀਅਤ ਬਾਰੇ ਕਿਸੇ ਵੀ ਤਰ੍ਹਾਂ ਦਾ ਸੁਝਾਅ ਸਿਰਫ਼ ਪ੍ਰਯੋਗ ਹੈ; ਕਿਸੇ ਵੀ ਯੋਜਨਾ ਦੀ ਸਫ਼ਲਤਾ ਦੀ ਕੋਈ ਗਰੰਟੀ ਨਹੀਂ ਦਿੱਤੀ ਜਾ ਸਕਦੀ ਹੈ। ਫਿਰ ਵੀ ਹੱਲ ਕੱਢਣ

ਲਈ ਕੁਝ ਢੰਗਾਂ ਤੇ ਵਿਚਾਰ ਕਰਨਾ ਸਹੀ ਰਹੇਗਾ।

ਸਹੀ ਨਜ਼ਰੀਆ

ਪਹਿਲੀ ਗੱਲ ਕਲੀਸੀਆ ਦੇ ਆਗੂਆਂ ਵਿਚ ਮੁਸ਼ਕਿਲ ਦੀ ਸਹੀ ਸਮਝ ਵਿਚ ਵਿਕਾਸ ਕਰਨ ਦੀ ਲੋੜ ਹੈ। ਖ਼ਾਸ ਤੌਰ ਤੇ ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦਾ ਮਹਿਸੂਸ ਹੋਣਾ ਜ਼ਰੂਰੀ ਹੈ:

(1) ਉਨ੍ਹਾਂ ਨੂੰ ਸਾਰੇ ਮੈਂਬਰ ਕਦੇ ਨਹੀਂ ਮਿਲਣਗੇ। ਇਸ ਲਈ ਉਨ੍ਹਾਂ ਨੂੰ ਉਨ੍ਹਾਂ ਮੈਂਬਰਾਂ ਦਾ ਧੰਨਵਾਦ ਕਰਨਾ ਸਿੱਖਣਾ ਚਾਹੀਦਾ ਹੈ ਜੋ ਭਾਗ ਲੈਂਦੇ *ਹਨ।* ਨਿਰਾਸ਼ਾ ਚੰਗੀ ਅਗਵਾਈ ਦਾ ਵੱਡਾ ਦੁਸ਼ਮਣ ਹੈ। ਜੇ ਕੋਈ ਆਗੂ ਬਹੁਤ ਨਿਰਾਸ਼ ਹੋ ਜਾਂਦਾ ਹੈ, ਤਾਂ ਉਹ ਢਿੱਲਾ ਜਾਂ ਨਕਾਰਾ ਹੋ ਸਕਦਾ ਹੈ ਜਾਂ ਹੋ ਸਕਦਾ ਹੈ ਕਿ ਉਸ ਦੀ ਨਿਰਾਸ਼ਾ ਵੇਖ ਕੇ ਭਾਗ ਲੈਣ ਵਾਲੇ ਲੋਕ ਵੀ ਪਿੱਛੇ ਹਟ ਜਾਣ।

(2) ਆਮ ਤੌਰ ਤੇ ਮੈਂਬਰ ਪ੍ਰਭੂ ਦੇ ਕੰਮ ਵਿਚ ਉਵੇਂ ਲੱਗੇ ਹੁੰਦੇ ਹਨ ਜਿਸ ਦਾ ਕਲੀਸੀਆ ਦੇ ਆਗੂਆਂ ਨੂੰ ਪਤਾ ਨਹੀਂ ਹੁੰਦਾ। ਹੋ ਸਕਦਾ ਹੈ ਕਿ ਉਹ ਕਿਸੇ ਨੂੰ ਕਾਰਡ ਭੇਜ ਰਹੇ ਹੋਣ। ਆਉਣ ਵਾਲੇ ਲੋਕਾਂ ਦਾ ਸੁਆਗਤ ਕਰ ਰਹੇ ਹੋਣ, ਹਸਪਤਾਲ ਵਿਚ ਬੀਮਾਰਾਂ ਨੂੰ ਵੇਖਣ ਜਾਂਦੇ ਹੋਣ, ਵੱਖ ਵੱਖ ਤਰ੍ਹਾਂ ਨਾਲ ਮਿਸ਼ਨ ਕਾਰਜਾਂ ਵਿਚ ਸਹਿਯੋਗ ਦੇ ਰਹੇ ਹੋਣ, ਮਸੀਹ ਦੇ ਨਾਂਅ ਵਿਚ ਗੁਆਂਢੀਆਂ ਨਾਲ ਭਲਿਆਈ ਕਰ ਰਹੇ ਹੋਣ ਆਦਿ। ਹੋ ਸਕਦਾ ਹੈ ਕਿ ਐਲਡਰਾਂ ਅਤੇ ਪ੍ਰਚਾਰਕਾਂ ਨੂੰ ਇਹ ਲੱਗੇ ਕਿ ਉਹ ''ਕਲੀਸੀਆ ਦੇ (ਕਿਸੇ ਖਾਸ) ਪ੍ਰੋਗਰਾਮ'' ਵਿਚ ਭਾਗ ਨਹੀਂ ਲੈ ਰਹੇ ਹਨ।

(3) ਹੋ ਸਕਦਾ ਹੈ ਕਿ ਕੁਝ ਮੈਂਬਰ ਸਚਮੁਚ ਖਾਸ ਹਾਲਾਤ (ਪਰਿਵਾਰਿਕ ਹਾਲਾਤ, ਬਿਮਾਰੀ ਆਦਿ) ਕਰਕੇ ਖਾਸ ਪ੍ਰੋਗਰਾਮਾਂ ਵਿਚ ਭਾਗ ਨਾ ਲੈ ਰਹੇ ਹੋਣ। ਕਲੀਸੀਆ ਦੇ ਪ੍ਰੋਗਰਾਮਾਂ ਦੇ ਕਿਸੇ ਕੰਮ ਵਿਚ ਭਾਗ ਨਾ ਲੈਣ ਵਾਲਿਆਂ ਦਾ ਨਿਆਂ ਕਰਕੇ ਸਜ਼ਾ ਦੇਣ ਤੋਂ ਬਚਣਾ ਚਾਹੀਦਾ ਹੈ।

(4) ਕੁਝ ਮੈਂਬਰ ਕਲੀਸੀਆ ਦੀ ਹਰ ਗਤੀਵਿਧੀ ਵਿਚ ਭਾਗ ਨਹੀਂ ਲੈਂਦੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਪਰਿਵਾਰ ਵਿਚ ਦਿੱਕਤ ਆਉਂਦੀ ਹੈ। ਕਈ ਵਾਰ ਬੱਚੇ, ਨੌਜੁਆਨ ਅਤੇ ਬਜ਼ੁਰਗ ਮਸੀਹੀ ਲੋਕਾਂ ਨੇ ਆਪਣਾ ਆਪਣਾ ਕੰਮ ਕਰਨਾ ਹੁੰਦਾ ਹੈ ਅਤੇ ਉਹ ਇਕੱਠੇ ਨਹੀਂ ਆ ਸਕਦੇ। ਹੋ ਸਕਦਾ ਹੈ ਕਿ ਕਲੀਸੀਆ ਦੇ ਹਰ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਪਰਿਵਾਰਾਂ ਕੋਲ ਕਈ ਕਈ ਹਫ਼ਤਿਆਂ ਤਕ ਆਪਣੇ ਪਰਿਵਾਰ ਲਈ ਸਮਾਂ ਨਾ ਹੋਵੇ।

ਸਹੀ ਸਿੱਖਿਆ

ਕਲੀਸੀਆ ਦੇ ਆਗੂਆਂ ਨੂੰ ਲੋਕਾਂ ਨੂੰ ਉਹੀ ਸਿੱਖਿਆ ਦੇਣੀ ਚਾਹੀਦੀ ਹੈ ਜੋ ਤੋੜਿਆਂ ਬਾਰੇ ਬਾਈਬਲ ਦਿੰਦੀ ਹੈ। ਇਸ ਸਿੱਖਿਆ ਵਿਚ ਇਹ ਗੱਲ ਸ਼ਾਮਿਲ ਹੋਵੇਗੀ ਕਿ ''ਬੰਦਗੀ ਵਿਚ ਅਗਵਾਈ'' ਕਰਨਾ ਹੀ ਮੈਂਬਰਾਂ ਦਾ ਕਲੀਸੀਆ ਦੇ ਕੰਮ ਵਿਚ ਭਾਗ ਲੈਣਾ ਨਹੀਂ ਹੈ। ਇਸ ਵਿਚ ਹੇਠ ਲਿਖੀਆਂ ਗੱਲਾਂ ਦੀ ਵੀ ਸ਼ਾਮਿਲ ਹੋਣਗੀਆਂ:

(1) ਤੋੜੇ ਖ਼ੁਦਾ ਵੱਲੋਂ ਮਿਲਦੇ ਹਨ। ''ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਨ ਉਤਾਹਾਂ ਤੋਂ ਹੈ ਅਤੇ ਜੋਤਾਂ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ'' (ਯਾਕੂਬ 1:17ੳ)।

(2) ਹਰ ਮਸੀਹੀ ਨੂੰ ਕੋਈ ਨਾ ਕੋਈ ਤੋੜਾ ਜ਼ਰੂਰ ਮਿਲਿਆ ਹੈ। ਦੇਹ ਦਾ ਕੋਈ ਅੰਗ

ਅਜਿਹਾ ਨਹੀਂ ਹੈ ਜਿਸ ਨੂੰ ''ਤੋੜਾ ਨਾ'' ਮਿਲਿਆ ਹੋਵੇ, ਬਿਲਕੁਲ ਤੋੜਿਆਂ ਦੇ ਦ੍ਰਿਸ਼ਟਾਂਤ ਵਾਂਗ (ਤੋੜਾ ਧਨ ਨੂੰ ਆਖਿਆ ਗਿਆ ਹੈ) ਕੋਈ ਦਾਸ ''ਬਿਨਾ ਤੋੜੇ'' ਦੇ ਨਹੀਂ ਸੀ (ਮੱਤੀ 25:15)।

(3) ਮਸੀਹੀ ਹੋਣ ਕਰਕੇ ਸਾਨੂੰ ਬਿਨਾਂ ਇਹ ਸੋਚੇ ਕਿ ਅਸੀਂ ਕਿੰਨੇ ਵੱਡੇ ਹਾਂ ਆਪਣੇ ਤੋੜਿਆਂ ਨੂੰ ਪਛਾਣਨਾ ਚਾਹੀਦਾ ਹੈ। ਪੌਲੁਸ ਨੇ ਰੋਮ ਦੇ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਸੀ, ''ਮੈਂ ਤਾਂ ਓਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ ਸਮਝੇ ਜਿੱਕੁਰ ਖ਼ੁਦਾ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ'' (ਰੋਮੀਆਂ 12:3)। ਇਸ ਨਾਲ ਸਾਨੂੰ ਆਪਣੇ ਆਪ ਨੂੰ ਵਿਚਾਰੇ ਸਮਝਣ ਜਾਂ ਆਪਣੇ ਤੋੜਿਆਂ ਦਾ ਇਨਕਾਰ ਕਰਨ ਦੀ ਸਿੱਖਿਆ ਨਹੀਂ ਮਿਲਦੀ ਹੈ। ਸਗੋਂ ਇਸ ਨਾਲ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਆਪਣੇ ਤੋੜਿਆਂ ਦਾ ਮੁਲਾਂਕਣ ਗੰਭੀਰਤਾ ਨਾਲ ਕਰਨਾ ਚਾਹੀਦਾ ਹੈ ਅਤੇ ਉਹਦੇ ਕਰਕੇ ਘੁਮੰਡ ਨਹੀਂ ਕਰਨਾ ਚਾਹੀਦਾ।

(4) ਮਸੀਹੀ ਲੋਕਾਂ ਨੂੰ ਵੱਖ ਵੱਖ ਤੋੜੇ ਦਿੱਤੇ ਗਏ ਹਨ।

(5) ਹਰ ਤੋੜੇ ਦੀ ਅਹਿਮੀਅਤ ਹੈ। ਮਸੀਹੀ ਲੋਕ ਇਕ ਦੂਜੇ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਜੋ ਕੁਝ ਇਕ ਆਦਮੀ ਆਪਣੇ ਤੋੜੇ ਨਾਲ ਕਰਦਾ ਹੈ ਉਸਦਾ ਅਸਰ ਸਾਰਿਆਂ ਤੇ ਪੈਂਦਾ ਹੈ। ਅਤੇ ਜੇ ਇਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ ਦੁਖੀ ਹੁੰਦੇ ਹਨ ਅਤੇ ਜੇ ਇਕ ਅੰਗ ਜਿੱਤੇ ਤਾਂ ਸਾਰੇ ਅੰਗ ਉਹਦੇ ਨਾਲ ਅਨੰਦ ਕਰਦੇ ਹਨ (1 ਕੁਰਿੰਥੀਆਂ 12:25, 26)। ਵੱਖ ਵੱਖ ਮੈਂਬਰ ਆਪਣੇ ਵੱਖ ਵੱਖ ਗੁਣਾਂ ਤੋਂ ਲੈ ਕੇ ਸਰੀਰ ਦੇ ਕੰਮਾਂ ਨੂੰ ਸੰਭਵ ਬਣਾਉਂਦੇ ਹਨ।

(6) ਮਸੀਹੀ ਹੋਣ ਦੇ ਨਾਤੇ ਸਾਡੇ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਜੋ ਵੀ ਤੋੜੇ ਮਿਲੇ ਹਨ, ਉਨ੍ਹਾਂ ਦੀ ਵਰਤੋਂ ਪੂਰੀ ਕੋਸ਼ਿਸ਼ ਨਾਲ ਕਰੀਏ (ਰੋਮੀਆਂ 12:6-8)। ਤੋੜਿਆਂ ਦੇ ਦ੍ਰਿਸ਼ਟਾਂਤ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਅਸੀਂ ਜਾਂ ਤਾਂ ਜੋ ਕੁਝ ਸਾਡੇ ਕੋਲ ਹੈ ਉਸਦੀ ਵਰਤੋਂ ਕਰੀਏ ਜਾਂ ਫਿਰ ਉਸ ਨੂੰ ਗੁਆਈਏ! ਇਸ ਨਾਲ ਇਹ ਅਰਥ ਵੀ ਮਿਲਦਾ ਹੈ ਕਿ ਸਾਨੂੰ ਆਪਣੇ ਗੁਣਾਂ ਨੂੰ ਹੋਰ ਵੀ ਨਿਖਾਰਨਾ ਚਾਹੀਦਾ ਹੈ।

(7) ਸਾਡੇ ਲਈ ਆਪਣੇ ਤੋੜਿਆਂ ਦੀ ਵਰਤੋਂ ਦੇ ਕਾਰਣਾਂ ਕਰਕੇ ਜ਼ਰੂਰੀ ਹੈ: (ੳ) ਖ਼ੁਦਾ ਦੀ ਵਡਿਆਈ ਲਈ ਅਤੇ (ਅ) ਭਾਈਆਂ ਦੀ ਮਦਦ ਲਈ। ''ਹਰੇਕ ਨੂੰ ਜਿਹੀ ਦਾਤ ਮਿਲੀ, ਉਸ ਨਾਲ ... ਇਕ ਦੂਜੇ ਦੀ ਟਹਿਲ ਕਰੋ। ... ਭਈ ਸਭਨਾਂ ਗੱਲਾਂ ਵਿਚ ਯਿਸੂ ਮਸੀਹ ਦੇ ਰਾਹੀਂ ਖ਼ੁਦਾ ਦੀ ਵਡਿਆਈ ਕੀਤੀ ਜਾਵੇ'' (1 ਪਤਰਸ 4:10, 11)।

(8) ਖ਼ੁਦਾ ਸਾਡੇ ਵਿੱਚੋਂ ਹਰ ਇਕ ਤੋਂ ਹਿਸਾਬ ਪੁੱਛੇਗਾ ਕਿ ਅਸੀਂ ਉਨ੍ਹਾਂ ਤੋੜਿਆਂ ਦੀ ਵਰਤੋਂ ਕਿਵੇਂ ਕੀਤੀ ਜੋ ਉਸ ਨੇ ਸਾਨੂੰ ਦਿੱਤੇ। ਅਸੀਂ ਮੁਖ਼ਤਿਆਰ ਹਾਂ (1 ਪਤਰਸ 4:10), ਅਤੇ ਮੁਖ਼ਤਿਆਰਾਂ ਤੋਂ ਹਿਸਾਬ ਮੰਗਿਆ ਜਾਣਾ ਜ਼ਰੂਰੀ ਹੈ (1 ਕੁਰਿੰਥੀਆਂ 4:2)।

(9) ਕਲੀਸੀਆ ਦੇ ਆਗੂਆਂ ਦਾ ਕੰਮ ਸਾਰੇ ਮੈਂਬਰਾਂ ਲਈ ਕਲੀਸੀਆ ਦੀ ਭਲਿਆਈ ਵਾਸਤੇ ਉਨ੍ਹਾਂ ਨੂੰ ਮਿਲੇ ਤੋੜਿਆਂ ਦੀ ਵਰਤੋਂ ਸੰਭਵ ਬਣਾਉਣਾ ਹੈ।

ਜੋਸ਼ ਦੁਆਉਣ ਵਾਲਾ ਮਾਹੌਲ

ਕਲੀਸੀਆ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਅਜਿਹਾ ਮਾਹੌਲ ਤਿਆਰ ਕਰਨ ਜਿਸ ਵਿਚ ਮੈਂਬਰ ਆਪਣੇ ਤੋੜਿਆਂ ਦੀ ਵਰਤੋਂ ਅਜ਼ਾਦੀ ਨਾਲ ਕਰ ਸਕਣ। ਉਤਸ਼ਾਹਿਤ ਕਰਨ ਵਾਲੇ ਮਾਹੌਲ ਲਈ ਏਕਤਾ, ਦੋਸਤੀ, ਆਨੰਦ, ਇਕ ਦੂਜੇ ਦੀ ਇੱਜ਼ਤ ਕਰਨਾ ਅਤੇ ਉਤਸ਼ਾਹ ਦੇਣਾ ਜ਼ਰੂਰੀ ਹੈ। ਸਭ ਤੋਂ ਵਧਕੇ ਕਲੀਸੀਆ ਦਾ ਮਹੌਲ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਵਿਚ ਕੋਸ਼ਿਸ਼ ਕਰਨਾ ਅਤੇ ਨਾਕਾਮ ਹੋਣਾ ਬੁਰਾ ਨਾ ਮੰਨਿਆ ਜਾਂਦਾ ਹੋਵੇ।

ਕਿਸੇ ਅਜਿਹੇ ਦਫ਼ਤਰ ਜਾਂ ਦੁਕਾਨ ਵਿਚ ਕੰਮ ਕਰਨ ਦੀ ਕਲਪਨਾ ਕਰੋ ਜਿਸ ਵਿਚ ਤੁਹਾਨੂੰ ਲੱਗੇ ਕਿ ਤੁਹਾਡੇ ਨਾਲ ਚੰਗਾ ਸਲੂਕ ਨਹੀਂ ਹੁੰਦਾ ਜਾਂ ਤੁਹਾਡੇ ਕੰਮ ਦੀ ਕਦਰ ਨਹੀਂ ਹੁੰਦੀ। ਕੀ ਤੁਸੀਂ ਉੱਥੇ ਪੂਰੀ ਕੋਸ਼ਿਸ਼ ਕਰਨਾ ਪਸੰਦ ਕਰੋਗੇ? ਇਸੇ ਤਰ੍ਹਾਂ ਜੇ ਕਲੀਸੀਆ ਵਿਚ ਝਗੜਾ ਰਹਿੰਦਾ ਹੋਵੇ, ਜਾਂ ਕਲੀਸੀਆ ਦੇ ਲੋਕਾਂ ਨਾਲ ਬਦਸਲੂਕੀ ਹੁੰਦੀ ਹੋਵੇ, ਉਨ੍ਹਾਂ ਨੂੰ ਸਲਾਹਿਆ ਨਾ ਜਾਂਦਾ ਹੋਵੇ, ਜਾਂ ਨਜ਼ਰਅੰਦਾਜ਼ ਕੀਤਾ ਜਾਂਦਾ ਹੋਵੇ, ਤਾਂ ਕਲੀਸੀਆ ਦੇ ਆਗੂ ਲੋਕਾਂ ਦੇ ਕੰਮ ਕਰਨ ਦੀ ਆਸ ਨਹੀਂ ਕਰ ਸਕਦੇ।

ਆਗੂ ਸਕਾਰਾਤਮਕ ਮਾਹੌਲ ਕਿਵੇਂ ਤਿਆਰ ਕਰ ਸਕਦੇ ਹਨ? ਉਤਸ਼ਾਹਿਤ ਕਰਨ ਵਾਲਾ ਮਾਹੌਲ ਤਿਆਰ ਕਰਨ ਲਈ ਕੁਝ ਸੁਝਾਅ ਦਿੱਤੇ ਗਏ ਹਨ:

(1) ਹਰ ਮੈਂਬਰ ਨੂੰ ਸਮਝਾਓ ਕਿ ਉਹ ਦੇਹ ਦਾ ਅਹਿਮ ਅੰਗ ਹੈ। ਇਸ ਲਈ ਜੇ ਕਲੀਸੀਆ ਦੇ ਜ਼ਿਆਦਾਤਰ ਲੋਕਾਂ ਨੂੰ ਨਾਂਅ ਲੈ ਕੇ ਸੱਦੋ ਤਾਂ ਚੰਗਾ ਰਹੇਗਾ।

(2) ਮੈਂਬਰਾਂ ਵਿਚ ਪਿਆਰ ਵਾਲੇ ਸਬੰਧ ਬਣਾਉਣ ਦੀ ਇੱਛਾ ਕਰੋ। ਕਮੀਆਂ ਅਤੇ ਮੱਤਭੇਦਾਂ ਦੇ ਬਾਵਜੂਦ, ਇਕ ਦੂਜੇ ਨਾਲ ਪਿਆਰ ਕਰਨ ਲਈ ਇਕ ਦੂਜੇ ਨੂੰ ਕਬੂਲ ਕਰਨਾ ਜ਼ਰੂਰੀ ਹੈ; ਬਿਨਾ ਇਲਜ਼ਾਮ ਲਾਏ ਜਾਂ ਕਿਸੇ ਦੀ ਨੁਕਤਾਚੀਨੀ ਕੀਤੇ, ਇਕ ਦੂਜੇ ਦੀ ਸਹਿੰਦਿਆਂ, ਇਕ ਦੂਜੇ ਨੂੰ ਮਾਫ਼ ਕਰਦੇ ਹੋਏ ਤਾਰੀਫ਼ ਅਤੇ ਵਡਿਆਈ ਕਰਕੇ ਮਦਦ ਕਰਨਾ। ਅਜਿਹੇ ਸਬੰਧ ਮਜ਼ਬੂਤ ਕਰਨ ਦਾ ਇਕ ਢੰਗ ਮੈਂਬਰਾਂ ਲਈ ਇਕ ਦੂਜੇ ਦੇ ਘਰ ਵਿਚ ਇਕੱਠੇ ਹੋ ਕੇ ਘਰਾਂ ਵਿਚ ਅਤੇ ਗਿਰਜੇ ਵਿਚ ਇਕੱਠੇ ਹੋ ਕੇ ਖਾਣਾ ਖਾਣ ਦਾ ਮੌਕਾ ਦਿੱਤਾ ਜਾ ਸਕਦਾ ਹੈ। ਜਿੰਨਾ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹੋਵਾਂਗੇ ਓਨਾ ਹੀ ਜ਼ਿਆਦਾ ਅਸੀਂ ਇਕ ਦੂਜੇ ਨਾਲ ਪਿਆਰ ਕਰਾਂਗੇ ਅਤੇ ਤਾਰੀਫ਼ ਕਰਾਂਗੇ।

(3) ਮੈਂਬਰਾਂ ਨੂੰ ਕਲੀਸਆ ਬਾਰੇ ਸਕਾਰਾਤਮਕ ਵਿਹਾਰ ਅਪਣਾਉਣ ਵਿਚ ਮਦਦ ਕਰੋ। ਇਕ ਦੂਜੇ ਨਾਲ ਗੱਲਬਾਤ ਕਰਦਿਆਂ ਪਾਜ਼ਿਟਿਵ ਵਰਤਾਉ ਅਪਣਾਇਆ ਜਾਵੇ। ਜਿੱਥੋਂ ਤਕ ਹੋਵੇ, ਕਲੀਸੀਆ ਦੁਆਰਾ ਕੀਤੇ ਗਏ ਹਰ ਕੰਮ ਨੂੰ ਵਧੀਆ ਤੋਂ ਵਧੀਆ ਢੰਗ ਨਾਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਬਹੁਤ ਸਾਰੀਆਂ ਮੰਡਲੀਆਂ ਵਿਚ ਹੇਠਲੀ ਪ੍ਰਾਪਤੀ ਵਿਚ ਨਾਉਮੀਦੀ ਅਤੇ ਉਸ ਨਾਲ ਵੀ ਹੇਠਲੀ ਪ੍ਰਾਪਤੀ ਦਾ ਇਕ ਚੱਕਰ ਰਹਿੰਦਾ ਹੈ। ਇਸ ਚੱਕਰ ਨੂੰ ਤੋੜ ਦੇਣਾ ਚਾਹੀਦਾ ਹੈ। ਇਹ ਜੋਰ ਦੇ ਕੇ ਕਿ ਖ਼ੁਦਾ ਵਿਸ਼ਵਾਸ ਨਾਲ ਕੀਤੇ ਗਏ ਯਤਨਾਂ ਤੋਂ ਖੁਸ਼ ਹੁੰਦਾ ਹੈ ਮੈਂਬਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਸਹੀ ਨਮੂਨੇ

ਕਲੀਸੀਆ ਦੇ ਆਗੂਆਂ ਨੂੰ ਲੋਕਾਂ ਵਿਚ ਨਮੂਨਾ ਦਿਖਾਉਣਾ ਚਾਹੀਦਾ ਹੈ। ਜੇ ਮੈਂਬਰਾਂ ਨੂੰ ਕਲੀਸੀਆ ਦੇ ਵੱਖ ਵੱਖ ਕੰਮਾਂ ਵਿਚ ਭਾਗ ਲੈਣ ਲਈ ਕਿਹਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਆਪਣੇ

ਆਗੂਆਂ ਦੇ ਭਾਗ ਲੈਣ ਦੀ ਆਸ ਰੱਖਣ ਦਾ ਵੀ ਹੱਕ ਹੈ। ਪ੍ਰਚਾਰਕ ਅਤੇ ਐਲਡਰ ਆਪਣਾ ਨਾਂਅ ਦੇ ਕੇ ਸਭ ਤੋਂ ਵਧੀਆ ਢੰਗ ਨਾਲ ਸਿਖਾ ਸਕਦੇ ਹਨ (1 ਪਤਰਸ 5:3)। ਕਿਸੇ ਨੇ ਕਿਹਾ ਹੈ, ''ਲੋਕ ਸਿੱਖਿਆ ਦੀ ਬਜਾਇ ਤੁਹਾਡੇ ਵਿਹਾਰ ਤੋਂ ਸਿੱਖਦੇ ਹਨ।'' ਜੇ ਆਗੂ ਸੇਵਕ ਵਾਲਾ ਵਿਹਾਰ ਲੋਕਾਂ ਵਿਚ ਦਿਖਾਉਂਦੇ ਹਨ ਤਾਂ ਆਸ ਹੈ ਕਿ ਉਨ੍ਹਾਂ ਦੇ ਸਾਥੀ ਉਨ੍ਹਾਂ ਦੇ ਇਸ ਵਿਹਾਰ ਨੂੰ ''ਅਪਣਾਉਣਗੇ।''

ਢੁਕਵੀਆਂ ਸੇਵਕਾਈਆਂ

ਆਗੂ (1) ਮੈਂਬਰਾਂ ਤੋਂ ਉਨ੍ਹਾਂ ਦੀਆਂ ਖੂਬੀਆਂ, ਦਿਲਚਸਪੀਆਂ ਅਤੇ ਸਿੱਖਿਆ ਬਾਰੇ ਪੁੱਛ ਕੇ, (2) ਮੁਲਾਂਕਣ ਕਰਨ ਅਤੇ ਧਿਆਨ ਨਾਲ ਇਸ ਨੂੰ ਸੁਣ ਕੇ ਇਹ ਦੇਖਣ ਲਈ ਚੌਕਸੀ ਨਾਲ ਜਾਣ ਕੇ ਕਿ ਮੈਂਬਰ ਕੀ ਕਰਨਾ ਚਾਹੁੰਦੇ ਹਨ ਅਤੇ ਕੀ ਕਰ ਸਕਦੇ ਹਨ, ਅਤੇ (3) ਮੈਂਬਰਾਂ ਨੂੰ ਆਪਣੀਆਂ ਖੂਬੀਆਂ ਦਾ ਪਤਾ ਲਾਉਣ ਅਤੇ ਉਨ੍ਹਾਂ ਨੂੰ ਵਧਾਉਣ ਦਾ ਮੌਕਾ ਦੇ ਕੇ ਉਨ੍ਹਾਂ ਦੀਆਂ ਯੋਗਤਾਵਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।

ਕਲੀਸੀਆ ਦੇ ਆਗੂ ਇਹ ਜਾਣਨ ਲਈ ਕਿ ਮੰਡਲੀ ਵਿਚ ਕੀ-ਕੀ ਸੇਵਕਾਈ ਹੋ ਸਕਦੀ ਹੈ, ਕੀ ਕੀ ਕੰਮ ਕੀਤੇ ਜਾਣੇ ਚਾਹੀਦੇ ਹਨ ਅਤੇ ਕਿਹੜੇ ਕਿਹੜੇ ਕੰਮ ਵਿਚ ਭਾਗ ਲੈਣਾ ਚਾਹੀਦਾ ਹੈ, ਖੋਜ ਕਰ ਸਕਦੇ ਹਨ। ਬਾਰ ਬਾਰ ਸੇਵਾ ਕਰਨ ਦੇ ਅਜਿਹੇ ਮੌਕੇ ਮਿਲਦੇ ਹਨ ਜਿਨ੍ਹਾਂ ਦਾ ਪਤਾ ਨਹੀਂ ਲਗਦਾ ਹੈ। ਉਦਾਹਰਣ ਲਈ, ਕਲੀਸੀਆ ਦੀ ਸਿੱਖਿਆ ਨਾਲ ਜੁੜੇ ਕੰਮ ਲਈ ਨਾ ਸਿਰਫ਼ ਸਿਖਾਉਣ ਵਾਲਿਆਂ ਦੀ ਸਗੋਂ ਪ੍ਰਬੰਧ ਕਰਨ ਵਾਲਿਆਂ ਦੀ, ਕਲਾਕਾਰਾ ਦੀ, ਸਾਹਿਤਕਾਰਾਂ, ਦੋਸਤਾਂ ਆਦਿ ਦੀ ਲੋੜ ਵੀ ਹੁੰਦੀ ਹੈ। ਖੋਜ ਨਾਲ ਇਹ ਪਤਾ ਲਗਦਾ ਹੈ ਕਿ ਹਰ ਮੈਂਬਰ ਦੇ ਕਰਨ ਲਈ ਕਲੀਸੀਆ ਜੋ ਵੀ ਸੇਵਕਾਈ ਕਰ ਰਹੀ ਹੈ ਉਸ ਨੂੰ ਕਿਵੇਂ ਵਧਾਇਆ ਜਾਵੇ।

ਇਕ ਹੋਰ ਢੰਗ ਮੰਡਲੀ ਨਾਲ ਸੇਵਕਾਈ ਜਾਂ ਉਹ ਕੰਮ ਬਾਰੇ ਜਿਸ ਵਿਚ ਉਹ ਸੇਵਾ ਕਰਨਾ ਚਾਹੁੰਦੇ ਹੋਣ, ਉਨ੍ਹਾਂ ਨੂੰ ਅਧਿਕਾਰ ਦੇਣ ਅਤੇ ਉਹ ਕੰਮਾਂ ਨੂੰ ਕਰਨ ਦੇ ਸਾਧਨ ਮੁਹੱਈਆ ਕਰਾਉਣ ਅਤੇ ਫਿਰ ਉਨ੍ਹਾਂ ਨੂੰ ਕਰਨ ਦੀ ਛੁੱਟ ਦੇਣ ਬਾਰੇ ਸੁਝਾਅ ਲਿਆ ਜਾ ਸਕਦਾ ਹੈ।

ਫਿਰ ਕਲੀਸੀਆ ਦੇ ਆਗੂ ਸਭ ਮੈਂਬਰਾਂ ਨੂੰ ਦੱਸ ਸਕਦੇ ਹਨ ਕਿ ਕਿਹੜੇ-ਕਿਹੜੇ ਕੰਮ ਕੀਤੇ ਜਾ ਰਹੇ ਹਨ ਜਾਂ ਕੀਤੇ ਜਾਣੇ ਜ਼ਰੂਰੀ ਹਨ। ਮੰਡਲੀ ਨੂੰ ਸੇਵਾ ਲਈ ਮੌਕੇ ਦੱਸਣ ਨਾਲ ਲੋਕਾਂ ਦੀ ਹਿੱਸੇਦਾਰੀ ਵਧ ਜਾਂਦੀ ਹੈ।

ਮੈਂਬਰਾਂ ਨੂੰ ਪ੍ਰੇਰਣਾ ਦੇਣਾ

ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਲਈ, ਕਲੀਸੀਆ ਦੇ ਆਗੂਆਂ ਨੂੰ ਪ੍ਰੇਰਣਾ ਦੇਣ ਦੇ ਯੋਗ ਤਰੀਕਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।[2] ਢੁਕਵਾਂ ''ਮਾਹੌਲ'' ਬਣਾਉਣ ਲਈ ਵੱਡੀ ਪ੍ਰੇਰਣਾ ਦੀ ਲੋੜ ਹੋ ਸਕਦੀ ਹੈ, ਪਰ ਹੋ ਸਕਦਾ ਹੈ ਕਿ ਇਸਦਾ ਲਾਭ ਕੁਝ ਵੀ ਨਾ ਹੋਵੇ। ਪ੍ਰੇਰਣਾ ਦੇਣ ਲਈ ਆਗੂ ਕੀ ਕਰ ਸਕਦੇ ਹਨ। (1) ਯੋਜਨਾ ਬਨਾਉਣ ਵਿਚ, ਉਹ ਮੰਡਲੀ ਲਈ ਪ੍ਰੋਗਰਾਮ ਵਿਚ ਹਰ ਸੰਭਵ ਯੋਗਦਾਨ ਲੈ ਸਕਦੇ ਹਨ। (2) ਉਹ ਪ੍ਰੋਗਰਾਮ ਨੂੰ ਤਿਆਰ ਕਰਨ ਅਤੇ ਉਸਦੀ ਯੋਜਨਾ ਬਣਾਉਣ ਲਈ ਮੈਂਬਰਾਂ ਨੂੰ ਨਾਲ ਲੈ ਸਕਦੇ ਹਨ, ਜਾਂ ਕਿਸੇ ਤਰ੍ਹਾਂ ਉਨ੍ਹਾਂ ਦੀ ਦਿਲਚਸਪੀ ਵਧਾਉਣ ਲਈ ਮਦਦ ਕਰ ਸਕਦੇ ਹਨ ਜਿਸ ਨਾਲ ਉਨ੍ਹਾਂ ਨੂੰ ਲੱਗੇ ਕਿ ਇਹ ''ਸਾਡਾ ਕੰਮ'' ਹੈ। (3) ਉਹ ਮੈਂਬਰਾਂ ਨੂੰ ਸਮੇਂ ਸਮੇਂ ਤੇ ਕਿਸੇ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ

ਹੀ ਉਸ ਬਾਰੇ ਜਾਣਕਾਰੀ ਦੇ ਸਕਦੇ ਹਨ। (4) ਉਸ ਦੇ ਵਿਸਤਾਰ ਲਈ ਸਮੱਗਰੀ ਬਹੁਤਾਤ ਨਾਲ ਮੁਹੱਈਆ ਕਰਵਾਈ ਜਾ ਸਕਦੀ ਹੈ। (5) ਬਾਹਰ ਦੇ ਲੋਕਾਂ ਤਕ ਪਹੁੰਚ ਬਣਾਉਣ ਲਈ ਤਿਆਰ ਕੀਤੀ ਗਈ ਮਸ਼ਹੂਰੀ ਨਾਲ ਵੀ ਮੰਡਲੀ ਦੇ ਲੋਕਾਂ ਨੂੰ ਪ੍ਰੇਰਣਾ ਮਿਲਦੀ ਹੈ। (6) ਉਹ ਮੈਂਬਰਾਂ ਤੋਂ ਉਨ੍ਹਾਂ ਲਈ ਕਿਸੇ ਖਾਸ ਗੱਲ ਵਿਚ ਸ਼ਾਮਿਲ ਹੋਣ ਦੀ ਅਪੀਲ ਕਰ ਸਕਦੇ ਹਨ: ਇਸ ਨਾਲ ਉਨ੍ਹਾਂ ਦੀਆਂ ਲੋੜਾਂ ਕਿਵੇਂ ਪੂਰੀ ਹੋਣਗੀਆਂ? (7) ਉਹ ਪ੍ਰੋਗਰਾਮਾਂ ਦੀ ਯੋਜਨਾ ਦੱਸਦੇ ਹੋਏ ਮਨ ਵਿਚ ਲੋਕਾਂ ਦੇ ''ਅਸਲ ਜੀਵਨ'' ਦੀਆਂ ਹੱਦਾਂ ਅਤੇ ਦਿੱਕਤਾਂ ਨੂੰ ਧਿਆਨ ਵਿਚ ਰੱਖ ਸਕਦੇ ਹਨ (8) ਉਹ ਸਭ ਲੋਕਾਂ ਨਾਲ ਜਨਤਕ ਐਲਾਨਾਂ ਤੇ ਨਿਰਭਰ ਰਹਿਣ ਦੀ ਨਿੱਜੀ ਤੌਰ ਤੇ ਲੋਕਾਂ ਨਾਲ ਗੱਲ ਕਰ ਸਕਦੇ ਸਨ।

ਸਾਰ

ਦੇਹ ਹੀ ਕਲੀਸੀਆ ਦੀ ਤਸਵੀਰ ਹੈ ਜਿਸ ਨਾਲ ਹਿੱਸੇਦਾਰੀ ਦੀ ਲੋੜ ਦਾ ਪਤਾ ਲਗਦਾ ਹੈ। ਮਨੁੱਖੀ ਦੇਹ ਦੇ ਚੱਲਣ ਦੀ ਕਲਪਨਾ ਕਰੋ। ਕਾਮਯਾਬੀ ਨਾਲ ਚੱਲਣ ਲਈ, ਨਾ ਸਿਰਫ਼ ਲੱਤਾਂ ਅਤੇ ਪੈਰਾਂ ਨੂੰ ਸਗੋਂ ਬਾਹਾਂ, ਮੋਢਿਆਂ; ਗਲੇ, ਦਿਲ, ਫੇਫੜਿਆਂ, ਅੱਖਾਂ, ਦਿਮਾਗ ਅਤੇ ਦੇਹ ਦੇ ਹਰ ਅੰਗ ਨੂੰ ਆਪਣਾ ਕੰਮ ਕਰਨਾ ਜ਼ਰੂਰੀ ਹੈ। ਬੇਸ਼ੱਕ ਸਿਰਫ਼ ਇਕ ਲੱਤ ਵਾਲੀ ਜਾਂ ਬਾਹਾਂ ਦੇ ਬ਼ਗੈਰ ਜਾਂ ਫੇਫੜਿਆਂ ਦੇ ਬ਼ਗੈਰ ਕੰਮ ਕਰਨ ਵਾਲੀ ਦੇਹ ਵਿਚ ਚੱਲਣ ਦੀ ਤਾਕਤ ਤਾਂ ਹੈ, ਪਰ ਅਜਿਹੀ ਦੇਹ ਨੂੰ ਅਪਾਹਿਜ ਕਿਹਾ ਜਾ ਸਕਦਾ ਹੈ। ਪੂਰੀ ਤਾਕਤ ਨਾਲ ਕੰਮ ਕਰਨ ਲਈ ਹਰ ਅੰਗ ਨੂੰ ਸਹੀ ਢੰਗ ਨਾਲ ਕੰਮ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਕਲੀਸੀਆ ਸਿਰਫ਼ ਕੁਝ ਮੈਂਬਰਾਂ ਦੇ ਭਾਗ ਲੈਣ ਨਾਲ ਲੰਗੜਾ ਕੇ ਚੱਲ ਤਾਂ ਸਕਦੀ ਹੈ, ਪਰ ਸਫਲ ਹੋਣ ਲਈ ਹਰ ਮਸੀਹੀ ਦਾ ਇਸ ਦੇ ਕੰਮਾਂ ਵਿਚ ਭਾਗ ਲੈਣਾ ਜ਼ਰੂਰੀ ਹੈ। ਅਫ਼ਸੀਆਂ 4:15, 16 ਆਖਦਾ ਹੈ:

> ... ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆ ਉਸ ਵਿਚ ਜੋ ਸਿਰ ਹੈ ਅਰਥਾਤ ਮਸੀਹ ਵਿਚ ਹਰ ਤਰਾਂ ਵੱਧਦੇ ਜਾਈਏ। ਜਿਸ ਤੋਂ ਸਾਰੀ ਦੇਹੀ ਹਰੇਕ ਜੋੜ ਦੀ ਮਦਦ ਨਾਲ ਠੀਕ ਠੀਕ ਜੁੜ ਕੇ ਅਤੇ ਇਕ ਸੰਗ ਮਿਲ ਕੇ ਇਕ ਇਕ ਅੰਗ ਦੇ ਵੱਲ ਕੰਮ ਕਰਨ ਅਨੁਸਾਰ ਆਪਣੇ ਆਪ ਨੂੰ ਵਧਾਈ ਜਾਂਦੀ ਹੈ ਭਈ ਉਹ ਪ੍ਰੇਮ ਵਿਚ ਆਪਣੀ ਉਸਾਰੀ ਕਰੇ।

''ਹਰ ਇਕ ਜੋੜ ਦੀ ਮਦਦ'' ਨਾਲ, ਦੇਹ ਵੱਧਦੀ ਹੈ ਅਤੇ ਪਿਆਰ ਨਾਲ ਆਪਣੇ ਆਪ ਨੂੰ ਦੱਸਦੀ ਹੈ! ਇਸ ਵਿਹਾਰ ਨੂੰ ਅਪਣਾ ਕੇ ਹਰ ਮੈਂਬਰ ਚੰਗਾ ਕਰੇਗਾ:

ਮੈਂ ਇਕੱਲਾ ਹਾਂ,
ਪਰ ਮੈਂ ਇਕ ਹਾਂ,
ਮੈਂ ਸਭ ਕੁਝ ਨਹੀਂ ਕਰ ਸਕਦਾ,
ਪਰ ਮੈਂ ਕੁਝ ਨਾ ਕੁਝ ਕਰ ਸਕਦਾ ਹਾਂ
ਅਤੇ ਮੈਂ ਜੋ ਕੁਝ ਵੀ ਕਰ ਸਕਦਾ ਹਾਂ,
ਉਸ ਨੂੰ ਖ਼ੁਦਾ ਦੀ ਕਿਰਪਾ ਨਾਲ ਕਰਾਂਗਾ।

ਟਿੱਪਣੀਆਂ

[1]ਫ਼ਲੇਵਿਲ ਆਰ, ਯੀਕਲੇ, ਜੂਨੀ., *ਵ੍ਹਾਈ ਚਰਚਜ਼ ਗ੍ਰੋ,* ਜਿਲਦ ਤੀਜੀ (ਬ੍ਰੋਕਨ ਐਰੋ, ਓਕਲਾਹੋਮਾ: ਕ੍ਰਿਸਚਿਅਨ ਕਮਿਊਨੀਕੇਸ਼ਨ, 1979), 42-45. [2]ਵੇਖੋ ਕੌਏ ਰੋਪਰ, ''ਮੋਟੀਵੇਸ਼ਨ'' *ਟਰੁੱਥ ਫ਼ਾਰ ਟੁਡੇ* 15 (ਅੰਗ੍ਰੇਜ਼ੀ, ਦਸੰਬਰ 1994), 41-43.